| Surname | | Other Names | |
|---|---|---|---|
| Centre Number | | Candidate Number | |
| Candidate Signature | | | |

Leave blank

General Certificate of Secondary Education
Summer 2003

**PANJABI** **3681/LH**
**Higher Tier**
**Listening Test (including transcript)**

H

Tuesday 3 June 2003 9.00am – 9.45am approximately
(including reading time)

**No additional materials are required.**

Time allowed: 40 minutes approximately
+ five minutes reading time before the test.

**Instructions to candidates**

- Use blue or black ink or ball-point pen.
- Fill in the boxes at the top of this page.
- Before the tape is started, you will be allowed **five** minutes during which you may read through the questions. You may make notes in this time.
- **Do not open this book until you are told to do so.**

- This is what you should do for each item.
- Read the instructions and questions.
- Listen carefully to the recording and read the questions again.
- Listen to the recording again, and then answer the questions.
- Your teacher will pause the tape when you hear the tone, after the second hearing of each item, to give you time to write. You may write at any time during the test.
- In **Section A** answer the questions in **Panjabi.**
- In **Section B** answer the questions in **English.**
- Write neatly and put down **all** the information you are asked to give.
- Ask any questions now. **There must be no questions or interruptions during the test.**

**Information for candidates**

- Mark allocations are shown in brackets.
- The maximum mark for this paper is **40**.
- You are **not** allowed to use a dictionary at any time during this test.

| For Examiner's Use | | | |
|---|---|---|---|
| Page | Mark | Page | Mark |
| 2 / 3 | | | |
| 4 / 5 | | | |
| 6 | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| | | | |
| Total (Column 1) → | | | |
| Total (Column 2) → | | | |
| TOTAL | | | |
| Examiner's Initials | | | |

Copyright © 2003 AQA and its licensors. All rights reserved.

LEAVE
MARGIN
BLANK

## ਸੈਕਸ਼ਨ ਏ:

## ਪ੍ਰਸ਼ਨ ਅਤੇ ਉੱਤਰ ਪੰਜਾਬੀ ਵਿੱਚ

1 ਤੁਸੀਂ ਡਾਕਟਰ ਦੀ ਗੱਲ-ਬਾਤ ਦਾ ਇੱਕ ਹਿੱਸਾ ਸੁਣਦੇ ਹੋ ।

(ੳ) ਦਵਾਈ ਕਿੰਨੀ ਦੇਰ ਲਈ ਖਾਣੀ ਹੈ ?

..............................................................................................................................

*(1 mark)*

(ਅ) ਡਾਕਟਰ ਨੇ ਤੁਹਾਨੂੰ ਕੀ ਕਰਨ ਲਈ ਕਿਹਾ ਹੈ ? ਦੋ ਗੱਲਾਂ ਲਿਖੋ ।

..............................................................................................................................

..............................................................................................................................

*(2 marks)*

2 ਤੁਸੀਂ ਹਰਦੀਪ ਅਤੇ ਜੀਤ ਵਿਚਕਾਰ ਗੱਲ-ਬਾਤ ਸੁਣਦੇ ਹੋ ।

(ੳ) ਜੀਤ ਵਿਆਹ ਤੇ ਕਿਉਂ ਨਹੀਂ ਆ ਸਕਦੀ ?

..............................................................................................................................

*(1 mark)*

(ਅ) ਡਾਕਟਰ ਨੇ ਉਸ ਨੂੰ ਕੀ ਸਲਾਹ ਦਿੱਤੀ ਹੈ ?

..............................................................................................................................

*(1 mark)*

(ੲ) ਉਸ ਨੇ ਹਰਦੀਪ ਦੇ ਮਾਤਾ ਪਿਤਾ ਲਈ ਕੀ ਸੁਨੇਹਾ ਭੇਜਿਆ ਹੈ ?

..............................................................................................................................

*(1 mark)*

LEAVE MARGIN BLANK

**3** ਰਜਿੰਦਰ ਸਫਰ ਬਾਰੇ ਦੱਸ ਰਿਹਾ ਹੈ ।

(ੳ) ਉਸ ਨੂੰ ਕੀ ਪਸੰਦ ਨਹੀਂ ?

..............................................................................................................................................

*(1 mark)*

(ਅ) ਕਿਉਂ ?

..............................................................................................................................................

*(1 mark)*

(ੲ) ਉਸ ਨੂੰ ਕਿਹੜੀ ਚੀਜ਼ ਤੇ ਸਫਰ ਕਰਨਾ ਚੰਗਾ ਲਗਦਾ ਹੈ ?

..............................................................................................................................................

*(1 mark)*

(ਸ) ਕਿਉਂ ?

..............................................................................................................................................

*(1 mark)*

**4** ਜਸਪਾਲ ਹੋਟਲ ਬਾਰੇ ਦੱਸ ਰਿਹਾ ਹੈ ।

ਜਸਪਾਲ ਨੂੰ ਹੋਟਲ ਕਿਉਂ ਪਸੰਦ ਆਇਆ ? ਚਾਰ ਗੱਲਾਂ ਲਿਖੋ ।

(ੳ) ..............................................................................................................................................

*(1 mark)*

(ਅ) ..............................................................................................................................................

*(1 mark)*

(ੲ) ..............................................................................................................................................

*(1 mark)*

(ਸ) ..............................................................................................................................................

*(1 mark)*

**TURN OVER FOR THE NEXT QUESTION**

*14*

5 ਤੁਸੀਂ ਇਹ ਐਲਾਨ ਸੁਣਦੇ ਹੋ ।

(ੳ) ਇਹਨਾਂ ਕੋਚਾਂ ਵਿੱਚ ਸਫਰ ਕਰਨ ਨੂੰ ਕਿਉਂ ਕਿਹਾ ਗਿਆ ਹੈ ? ਤਿੰਨ ਗੱਲਾਂ ਲਿਖੋ ।

..........................................................................................

..........................................................................................

..........................................................................................

*(3 marks)*

(ਅ) ਕੋਚਾਂ ਕਿੱਥੇ ਜਾਂਦੀਆਂ ਹਨ ? ਦੋ ਸ਼ਹਿਰਾਂ ਦੇ ਨਾਂ ਲਿਖੋ ।

..........................................................................................

*(1 mark)*

6 ਤੁਸੀਂ ਸਿਹਤ ਬਾਰੇ ਇੱਕ ਪ੍ਰੋਗਰਾਮ ਸੁਣਦੇ ਹੋ ।

(ੳ) ਸਿਹਤ ਲਈ ਕਿਹੜੀ ਚੀਜ਼ ਚੰਗੀ ਨਹੀਂ ?

..........................................................................................

*(1 mark)*

(ਅ) ਤੰਦਰੁਸਤ ਰਹਿਣ ਲਈ ਕੀ ਕਰਨਾ ਚਾਹੀਦਾ ਹੈ ? ਤਿੰਨ ਗੱਲਾਂ ਲਿਖੋ ।

..........................................................................................

..........................................................................................

..........................................................................................

*(3 marks)*

7 ਤੁਸੀਂ ਕੁਲਬੀਰ ਦੀ ਗੱਲ-ਬਾਤ ਦਾ ਇੱਕ ਹਿੱਸਾ ਸੁਣਦੇ ਹੋ ।

ਕੁਲਬੀਰ ਆਪਣੇ ਵਿਹਲੇ ਸਮੇਂ ਵਿੱਚ ਕੀ ਕਰਦਾ ਹੈ ? ਦੋ ਗੱਲਾਂ ਲਿਖੋ ।

..........................................................................................

..........................................................................................

*(2 marks)*

LEAVE MARGIN BLANK

**8** ਤੁਸੀਂ ਮੌਸਮ ਬਾਰੇ ਇੱਕ ਖਬਰ ਸੁਣਦੇ ਹੋ ।

ਟੇਬਲ ਵਿੱਚ ਚਾਰ ਦਿਨਾਂ ਦੇ ਮੌਸਮ ਬਾਰੇ ਲਿਖੋ:

| | |
|---|---|
| ਸੋਮਵਾਰ | |
| ਮੰਗਲਵਾਰ | |
| ਬੁੱਧਵਾਰ | |
| ਵੀਰਵਾਰ | |

*(4 marks)*

**9** ਤੁਸੀਂ ਇਹ ਖਬਰ ਸੁਣਦੇ ਹੋ ।

(ੳ) ਕਿਸਾਨ ਪਰੇਸ਼ਾਨ ਕਿਉਂ ਹਨ ?

..............................................................................................................................

*(1 mark)*

(ਅ) ਹੋਰ ਇਲਾਕਿਆਂ ਵਿੱਚ ਕੀ ਹੋਇਆ ਹੈ ? ਦੋ ਗੱਲਾਂ ਲਿਖੋ ।

..............................................................................................................................

..............................................................................................................................

*(2 marks)*

(ੲ) ਪੰਜਾਬ ਸਰਕਾਰ ਨੇ ਇਸ ਬਾਰੇ ਕੀ ਕੀਤਾ ਹੈ ?

..............................................................................................................................

*(1 mark)*

**TURN OVER FOR SECTION B**

18

**Turn over ▶**

LEAVE MARGIN BLANK

## SECTION B

Questions and answers in **English.**

**10** Your teacher is telling you about Delhi.

(a) Why is Delhi famous? Give **two** reasons.

1 ..........................................................................................................................................

2 ..........................................................................................................................................

*(2 marks)*

(b) What are the main causes of pollution? Give **two** details.

1 ..........................................................................................................................................

2 ..........................................................................................................................................

*(2 marks)*

(c) What is the Government doing to overcome this? Give **two** details.

1 ..........................................................................................................................................

2 ..........................................................................................................................................

*(2 marks)*

(d) Based on what you have heard, what are your views about living in Delhi and why?

..............................................................................................................................................

..............................................................................................................................................

*(2 marks)*

**END OF TEST**

*8*

# FOR INVIGILATOR'S USE ONLY

General Certificate of Secondary Education
Summer 2003

**PANJABI** **3681/LH/T**
**Higher Tier**
**Listening Test Transcript**

**FOR INVIGILATOR'S USE ONLY**

Tuesday 3 June 2003 9.00am – 9.45am approximately (including reading time).

Time allowed: 40 minutes approximately + five minutes reading time before the test.

- This is what you should do for each item.
- Read the instructions and questions.
- Listen carefully to the recording and read the questions again.
- Listen to the recording again, and then answer the questions.
- Your teacher will pause the tape when you hear the tone, after the second hearing of each item, to give you time to write. You may write at any time during the test.
- In **Section A** answer the questions in **Panjabi.**
- In **Section B** answer the questions in **English.**
- Write neatly and put down **all** the information you are asked to give.
- Ask any questions now. **There must be no questions or interruptions during the test.**
- **The test starts now.**

## ਸੈਕਸ਼ਨ ਏ: ਪ੍ਰਸ਼ਨ ਅਤੇ ਉੱਤਰ ਪੰਜਾਬੀ ਵਿੱਚ

1. ਤੁਹਾਨੂੰ ਜੋ ਵੀ ਤਕਲੀਫ ਹੋਈ ਹੈ ਉਹ ਅਸਲ ਵਿੱਚ ਬਦਹਜ਼ਮੀ ਹੋਣ ਕਰਕੇ ਹੋਈ ਹੈ । ਮੈਂ ਤੁਹਾਨੂੰ ਇਹ ਦਵਾਈ ਲਿਖ ਦਿੰਦੀ ਹਾਂ । ਇਸ ਨੂੰ ਤੁਸੀਂ ਇੱਕ ਹਫਤਾ ਲਗਾਤਾਰ ਖਾਉ । ਚੌਵੀ ਘੰਟੇ ਤੱਕ ਤੁਸੀਂ ਕੁਝ ਨਹੀਂ ਖਾਣਾ ਅਤੇ ਸਿਰਫ ਉਬਲਿਆ ਹੋਇਆ ਪਾਣੀ ਜਾਂ ਫਲਾਂ ਦਾ ਰਸ ਹੀ ਪੀਣਾ । ਇੱਕ ਹਫਤੇ ਬਾਅਦ ਮੈਨੂੰ ਦੁਬਾਰਾ ਮਿਲਣ ਆਉਣਾ ।

2. ਹਰਦੀਪ – ਜੀਤ ਤੁਸੀਂ ਮੇਰੇ ਭਰਾ ਦੇ ਵਿਆਹ ਤੇ ਆ ਰਹੇ ਹੋ ਨਾ ?
   ਜੀਤ – ਮੇਰਾ ਆਉਣਾ ਮੁਸ਼ਕਲ ਲਗਦਾ ਹੈ ਕਿਉਂਕਿ ਮੇਰੀ ਸਿਹਤ ਠੀਕ ਨਹੀਂ ਹੈ ਅਤੇ ਡਾਕਟਰ ਨੇ ਮੈਨੂੰ ਦੋ ਹਫਤੇ ਆਰਾਮ ਕਰਨ ਨੂੰ ਕਿਹਾ ਹੈ । ਮੇਰੇ ਵਲੋਂ ਆਪਣੇ ਮੰਮੀ ਡੈਡੀ ਨੂੰ ਵਧਾਈ ਦੇਣੀ । ਮੈਂ ਵਿਆਹ ਵਾਲੇ ਦਿਨ ਵੀ ਫੋਨ ਕਰਾਂਗੀ।

3. ਮੈਨੂੰ ਹਵਾਈ ਜਹਾਜ਼ ਵਿੱਚ ਸਫਰ ਕਰਨਾ ਬਿਲਕੁਲ ਪਸੰਦ ਨਹੀਂ ਹੈ ਕਿਉਂਕਿ ਜਦੋਂ ਇਹ ਚੜ੍ਹਦਾ ਅਤੇ ਉੱਤਰਦਾ ਹੈ ਤਾਂ ਮੈਨੂੰ ਬੜਾ ਡਰ ਲਗਦਾ ਹੈ । ਇਸ ਦੀ ਬਜਾਏ ਮੈਨੂੰ ਰੇਲ ਗੱਡੀ ਵਿੱਚ ਸਫਰ ਕਰਨ ਵਿੱਚ ਬੜਾ ਮਜ਼ਾ ਆਉਂਦਾ ਹੈ ਕਿਉਂਕਿ ਦਿਲਚਸਪ ਅਤੇ ਸੁੰਦਰ ਨਜ਼ਾਰੇ ਦੇਖਣ ਨੂੰ ਮਿਲਦੇ ਹਨ ।

4. ਦਿੱਲੀ ਵਿੱਚ ਜਿਸ ਹੋਟਲ ਵਿੱਚ ਮੈਂ ਠਹਿਰਿਆ ਸੀ, ਉੱਥੇ ਕਾਫੀ ਅੱਛਾ ਪ੍ਰਬੰਧ ਸੀ । ਸਟਾਫ ਬੜਾ ਮਿਲਣਸਾਰ ਅਤੇ ਮਿਹਨਤੀ ਸੀ । ਰਾਤ ਦਾ ਕਿਰਾਇਆ ਸਿਰਫ ਤਿੰਨ ਸੌ ਰੁਪੈ ਸੀ । ਹੋਟਲ ਕਾਫੀ ਸਾਫ ਸੁਥਰਾ ਅਤੇ ਹਵਾਦਾਰ ਸੀ । ਮੈਨੂੰ ਉੱਥੇ ਰਹਿਣ ਦਾ ਬੜਾ ਮਜ਼ਾ ਆਇਆ ।

5. ਪੰਜਾਬੀ ਮਹੌਲ ਵਾਲੀਆਂ ਸਾਡੀਆਂ ਡੀਲਕਸ ਕੋਚਾਂ ਵਿੱਚ ਸਫਰ ਦਾ ਆਨੰਦ ਮਾਣੋ । ਇਹ ਕੋਚਾਂ ਸਾਊਥਾਲ ਤੋਂ ਵੁਲਵਰਹੈਂਪਟਨ ਨੂੰ ਦਿਨ ਵਿੱਚ ਦੋ ਵਾਰੀ ਜਾਂਦੀਆਂ ਅਤੇ ਵਾਪਸ ਆਉਂਦੀਆਂ ਹਨ ਅਤੇ ਲੀਡਜ਼, ਬਰੈਡਫੋਰਡ ਨੂੰ ਸਵੇਰੇ ਜਾ ਕੇ ਸ਼ਾਮ ਨੂੰ ਮੁੜਦੀਆਂ ਹਨ । ਅਸੀਂ ਵਿਆਹਾਂ ਸ਼ਾਦੀਆਂ ਅਤੇ ਹੋਰ ਮੌਕਿਆਂ ਲਈ ਵੀ ਕੋਚਾਂ ਕਿਰਾਏ ਤੇ ਦਿੰਦੇ ਹਾਂ । ਸਾਡੇ ਕਿਰਾਏ ਬੜੇ ਸਸਤੇ ਹਨ ।

6. ਖਾਣਿਆ ਵਿੱਚ ਘਿਉ ਦੀ ਜ਼ਿਆਦਾ ਮਿਕਦਾਰ ਅਤੇ ਤਲੀਆਂ ਹੋਈਆਂ ਚੀਜ਼ਾਂ ਖਾਣੀਆਂ ਸਿਹਤ ਲਈ ਹਾਨੀਕਾਰਕ ਹਨ । ਤੰਦਰੁਸਤ ਰਹਿਣ ਲਈ ਹਰੀਆਂ ਸਬਜ਼ੀਆਂ, ਫਲ ਅਤੇ ਉਬਲੀਆਂ ਹੋਈਆਂ ਚੀਜ਼ਾਂ ਖਾਣੀਆਂ ਚਾਹੀਦੀਆਂ ਹਨ। ਮੋਟਾਪਾ ਅਤੇ ਚਰਬੀ ਪੈਦਾ ਕਰਨ ਵਾਲੀਆਂ ਚੀਜ਼ਾਂ ਤੋਂ ਵੀ ਪਰਹੇਜ਼ ਕਰਨਾ ਚਾਹੀਦਾ ਹੈ ।

7. ਮੈਂ ਆਪਣੇ ਵਿਹਲੇ ਸਮੇਂ ਵਿੱਚ ਸਕੂਲ ਦਾ ਕੰਮ ਕਰਨ ਤੋਂ ਬਿਨਾਂ ਸਾਈਕਲ ਚਲਾਉਣਾ, ਦੋਸਤਾਂ ਨਾਲ ਫੁੱਟਬਾਲ ਅਤੇ ਕਰਿਕਟ ਖੇਡਣਾ ਪਸੰਦ ਕਰਦਾ ਹਾਂ । ਸ਼ਾਮ ਨੂੰ ਦੋ ਘੰਟੇ ਟੈਲੀਵਿਯਨ ਵੀ ਦੇਖਦਾ ਹਾਂ ।

8. ਹੁਣ ਤੁਸੀ ਅਗਲੇ ਚਾਰ ਦਿਨਾਂ ਦੇ ਮੌਸਮ ਬਾਰੇ ਸੂਚਨਾ ਸੁਣੋ:

   ਸੋਮਵਾਰ ਨੂੰ ਧੁੱਪ ਨਿਕਲੇਗੀ ਅਤੇ ਸਰਦੀ ਘੱਟ ਹੋਵੇਗੀ । ਮੰਗਲਵਾਰ ਨੂੰ ਸਵੇਰੇ ਹਲਕੀ ਵਰਖਾ ਹੋਵੇਗੀ ਅਤੇ ਦੁਪਹਿਰ ਮਗਰੋਂ ਕਾਫੀ ਤੇਜ਼ ਮੀਂਹ ਪੈਣ ਦੀ ਉਮੀਦ ਹੈ । ਬੁੱਧਵਾਰ ਨੂੰ ਮੀਂਹ ਦੇ ਨਾਲ ਗੜੇ ਪੈਣ ਦੀ ਵੀ ਸੰਭਾਵਨਾ ਹੈ । ਇਹ ਵੀ ਉਮੀਦ ਕੀਤੀ ਜਾਂਦੀ ਹੈ ਕਿ ਵੀਰਵਾਰ ਨੂੰ ਸਾਰਾ ਦਿਨ ਭਾਰੀ ਬਰਫ ਪਵੇਗੀ ਅਤੇ ਠੰਡੀ ਹਵਾ ਚੱਲੇਗੀ ਜਿਸ ਨਾਲ ਸਰਦੀ ਬਹੁਤ ਵਧ ਜਾਵੇਗੀ ।

9. ਇਸ ਸਾਲ ਪੰਜਾਬ ਵਿੱਚ ਭਾਰੀ ਮੀਂਹ ਪੈਣ ਕਰਕੇ ਫਸਲਾਂ ਦਾ ਕਾਫੀ ਨੁਕਸਾਨ ਹੋਇਆ ਹੈ ਜਿਸ ਨਾਲ ਕਿਸਾਨ ਬਹੁਤ ਪਰੇਸ਼ਾਨ ਹਨ । ਇਸ ਤੋਂ ਬਿਨਾਂ ਬਹੁਤ ਸਾਰੇ ਇਲਾਕਿਆਂ ਵਿੱਚ ਹੜ੍ਹ ਆਉਣ ਕਾਰਨ ਵੀ ਲੋਕਾਂ ਦੇ ਘਰ ਅਤੇ ਕਾਰੋਬਾਰ ਤਬਾਹ ਹੋ ਗਏ ਹਨ । ਦੁਖੀ ਲੋਕਾਂ ਦੀ ਸਹਾਇਤਾ ਕਰਨ ਲਈ ਪੰਜਾਬ ਸਰਕਾਰ ਨੇ ਚਾਲੀ ਲੱਖ ਰੁਪਏ ਦੇਣ ਦਾ ਐਲਾਨ ਕੀਤਾ ਹੈ ।

## Section B: Questions and Answers in English

10. ਦਿੱਲੀ ਭਾਰਤ ਦੀ ਰਾਜਧਾਨੀ ਹੈ । ਇਹ ਇੱਕ ਇਤਿਹਾਸਕ ਸ਼ਹਿਰ ਹੈ । ਇੱਥੋਂ ਦੀਆਂ ਇਤਿਹਾਸਕ ਇਮਾਰਤਾਂ ਲਾਲ ਕਿਲ੍ਹਾ, ਕੁਤਬ ਮੀਨਾਰ ਅਤੇ ਪਾਰਲੀਮੈਂਟ ਹਾਊਸ ਬਹੁਤ ਪ੍ਰਸਿੱਧ ਹਨ । ਜ਼ਮੀਨ ਹੇਠ ਬਣਿਆ ਪਾਲਕਾ ਬਾਜ਼ਾਰ ਵੀ ਇੱਕ ਦੇਖਣਯੋਗ ਥਾਂ ਹੈ । ਇਹ ਥਾਵਾਂ ਭਾਰਤੀ ਕਾਰੀਗਰਾਂ ਦੀ ਕਾਰੀਗਰੀ ਦਾ ਇੱਕ ਅਮੁੱਲਾ ਖਜ਼ਾਨਾ ਹਨ । ਇਤਿਹਾਸਕ ਗੁਰਦਵਾਰੇ, ਮੰਦਰ ਅਤੇ ਮਸਜਿਦਾਂ ਵੀ ਹਨ ਜਿੱਥੇ ਲੱਖਾਂ ਸ਼ਰਧਾਲੂ ਲੋਕ ਦਰਸ਼ਨਾਂ ਲਈ ਜਾਂਦੇ ਹਨ । ਇਹ ਇੱਕ ਬਹੁਤ ਹੀ ਸੁੰਦਰ ਸ਼ਹਿਰ ਹੈ ਪਰ ਅੱਜ ਕੱਲ੍ਹ ਟਰੈਫਿਕ ਅਤੇ ਫੈਕਟਰੀਆਂ ਦਾ ਧੂੰਆ ਹੋਣ ਕਰਕੇ ਪ੍ਰਦੂਸ਼ਨ ਬਹੁਤ ਹੈ । ਦਿੱਲੀ ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਾਰੀਆਂ ਫੈਕਟਰੀਆਂ ਸ਼ਹਿਰ ਤੋਂ ਬਾਹਰ ਲਿਜਾਈਆਂ ਜਾਣ ਅਤੇ ਮੋਟਰਾਂ ਗੱਡੀਆਂ ਨੂੰ ਗੈਸ ਨਾਲ ਚਲਾਇਆ ਜਾਵੇ ।

**END OF TEST**